



ਗੁਰਦੁਆਰਾ ਟਾਹਲੀਆਣਾ ਸਾਹਿਬ ਰਾਏਕੋਟ ਵਿਖੇ ਜੋੜ ਮੇਲੇ ਦੇ ਦੂਜੇ ਦਿਨ ਕਥਾ-ਕੀਰਤਨ ਦਰਬਾਰ ਦੌਰਾਨ ਭਾਈ ਜਸਵੰਤ ਸਿੰਘ ਦਾ ਕੀਰਤਨੀ ਜਥਾ ਕੀਰਤਨ ਕਰਦਾ ਹੋਇਆ। (ਸੱਜੇ) ਮੀਰੀ-ਪੀਰੀ ਜਥਾ ਜਗਾਧਰੀ ਨੂੰ ਸਿਰੋਪਾਓ ਭੇਟ ਕਰਦੇ ਹੋਏ ਜਥੇਦਾਰ ਜਗਜੀਤ ਸਿੰਘ ਤਲਵੰਡੀ, ਜਥੇਦਾਰ ਰਘਵੀਰ ਸਿੰਘ ਸਹਾਰਨਮਾਜਰਾ (ਦੋਵੇਂ ਮੈਂਬਰ ਸ਼੍ਰੋਮਣੀ ਕਮੇਟੀ), ਮੈਨੇਜਰ ਗੁਰਸੇਵਕ ਸਿੰਘ। ਤਸਵੀਰਾਂ: ਬਲਵਿੰਦਰ ਸਿੰਘ ਲਿੱਤਰ

# ਗੁ: ਟਾਹਲੀਆਣਾ ਸਾਹਿਬ ਵਿਖੇ ਜੋੜ ਮੇਲੇ ਦੇ ਦੂਜੇ ਦਿਨ ਕਥਾ ਕੀਰਤਨ ਦਰਬਾਰ ਸਜਾਇਆ

## ਦਸਮੇਸ਼ ਪਿਤਾ ਨੇ ਦੇਸ਼ ਤੇ ਸਿੱਖ ਕੌਮ ਲਈ ਸਰਬੰਸ ਵਾਰਿਆ-ਗਿਆਨੀ ਚਰਨਜੀਤ ਸਿੰਘ

ਰਾਏਕੋਟ, 3 ਜਨਵਰੀ (ਬਲਵਿੰਦਰ ਸਿੰਘ ਲਿੱਤਰ)- ਗੁਰਦੁਆਰਾ ਟਾਹਲੀਆਣਾ ਸਾਹਿਬ ਪਾਤਸ਼ਾਹੀ ਦਸਵੀਂ ਰਾਏਕੋਟ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਪਾਉਣ ਦੀ ਖ਼ੁਸ਼ੀ ਵਿਚ ਮਨਾਏ ਜਾਂਦੇ ਆਗਮਨ ਪੁਰਬ ਸਬੰਧੀ ਸਾਲਾਨਾ ਜੋੜ ਮੇਲੇ ਦੇ ਦੂਜੇ ਦਿਨ ਜਥੇਦਾਰ ਜਗਜੀਤ ਸਿੰਘ ਤਲਵੰਡੀ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਰਹਿਨੁਮਾਈ ਹੇਠ ਮਹਾਨ ਕਥਾ ਕੀਰਤਨ ਦਰਬਾਰ ਸਜਾਇਆ ਗਿਆ, ਜਿਸ ਦੌਰਾਨ ਪ੍ਰਸਿੱਧ ਰਾਗੀ ਭਾਈ ਸਤਵਿੰਦਰ ਸਿੰਘ, ਭਾਈ ਜਰਨੈਲ ਸਿੰਘ ਕੋਹਾੜਕਾ, (ਦੋਵੇਂ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ, ਅੰਮਿ੍ਤਸਰ), ਭਾਈ ਜਸਵੰਤ ਸਿੰਘ (ਸਾਬਕਾ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ), ਮੀਰੀ-ਪੀਰੀ ਜਥਾ ਜਗਾਧਰੀ ਆਦਿ ਦੇ ਜਥਿਆਂ ਨੇ ਸੰਗਤਾਂ ਨੂੰ ਰਸਭਿੰਨੇ ਕੀਰਤਨ ਨਾਲ ਨਿਹਾਲ ਕੀਤਾ। ਇਸ ਮੌਕੇ ਭਾਈ ਗੁਰਚਰਨ ਸਿੰਘ ਗਰੇਵਾਲ, ਜਥੇਦਾਰ ਰਘਵੀਰ ਸਿੰਘ ਸਹਾਰਨਮਾਜਰਾ (ਦੋਵੇਂ ਮੈਂਬਰ ਸ਼੍ਰੋਮਣੀ ਕਮੇਟੀ), ਬਾਬਾ ਟੇਕ ਸਿੰਘ ਧਨੌਲਾ ਜ਼ਿਲ੍ਹਾ ਬਰਨਾਲਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੇ ਹਾਜ਼ਰੀ ਭਰੀ। ਇਸ ਮੌਕੇ ਪੰਥ ਦੇ ਮਹਾਨ ਵਿਦਵਾਨ ਗਿਆਨੀ ਚਰਨਜੀਤ ਸਿੰਘ ਕਥਾਵਾਚਕ ਗੁਰਦੁਆਰਾ ਨਾਢਾ ਸਾਹਿਬ ਵਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਸਬੰਧੀ ਸਿੱਖ ਸੰਗਤਾਂ ਨੂੰ ਇਤਿਹਾਸ ਸੁਣਾਇਆ ਗਿਆ। ਜਥੇਦਾਰ ਜਗਜੀਤ ਸਿੰਘ ਤਲਵੰਡੀ ਮੈਂਬਰ ਸ਼੍ਰੋਮਣੀ ਕਮੇਟੀ ਨੇ ਸਮੁੱਚੇ ਹਜ਼ੂਰੀ ਰਾਗੀ ਜਥਿਆਂ ਨੂੰ ਸਨਮਾਨਿਤ ਕਰਦਿਆਂ ਸੰਗਤਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਆਗਮਨ ਪੁਰਬ ਦੀਆਂ ਲੱਖ-ਲੱਖ ਵਧਾਈਆਂ ਦਿੱਤੀਆਂ ਅਤੇ ਗੁਰੂ ਸਹਿਬਾਨਾਂ ਦੇ ਮਾਰਗ 'ਤੇ ਚੱਲਣ ਲਈ ਆਖਿਆ। ਇਸ ਮੌਕੇ ਮੈਨੇਜਰ ਗੁਰਸੇਵਕ ਸਿੰਘ, ਚੇਅਰਮੈਨ ਇੰਦਰਜੀਤ ਸਿੰਘ ਗੋਂਦਵਾਲ, ਡਾ. ਹਰਪਾਲ ਸਿੰਘ ਗਰੇਵਾਲ, ਅਮਰਜੀਤ ਸਿੰਘ ਸਹਿਬਾਜਪੁਰਾ, ਗੁਰਸ਼ਰਨ ਸਿੰਘ ਬੜੂੰਦੀ, ਅੰਮ੍ਰਿਤਪਾਲ ਸਿੰਘ ਹੈਪੀ ਸਿਵੀਆਂ, ਡਾ: ਅਸ਼ੋਕ ਸ਼ਰਮਾ, ਬਾਵਾ ਚੋਪੜਾ, ਸਤਪਾਲ ਸਿੰਘ ਝੋਰੜਾਂ, ਪ੍ਰੇਮ ਸਿੰਘ ਜਲਾਲਦੀਵਾਲ, ਪਿਆਰਾ ਸਿੰਘ ਨੱਥੋਵਾਲ, ਕੁਲਵੰਤ ਸਿੰਘ ਸੰਤ, ਗੁਰਚਰਨ ਸਿੰਘ ਸੰਤ, ਨਛੱਤਰ ਸਿੰਘ ਰਾਏਕੋਟ, ਬਿੰਦਰ ਸਿੰਘ ਧੂਰਕੋਟ, ਪ੍ਰਿਤਪਾਲ ਸਿੰਘ ਰਾਏਕੋਟ, ਜਗਦੇਵ ਸਿੰਘ ਗਰੇਵਾਲ, ਭਾਈ ਹਰਦੀਪ ਸਿੰਘ, ਹੈੱਡ ਗ੍ਰੰਥੀ ਭਾਈ ਨਾਜਰ ਸਿੰਘ, ਜੋਗਾ ਸਿੰਘ, ਹਰਵਿੰਦਰ ਸਿੰਘ ਭੂੰਦੜੀ, ਮਨਜੀਤ ਸਿੰਘ, ਰਾਜਦੇਵ ਸਿੰਘ, ਗੁਰਿੰਦਰਵੀਰ ਸਿੰਘ (ਦੋਵੇਂ ਇੰਸਪੈਕਟਰ), ਮੈਨੇਜਰ ਹਰਦੀਪ ਸਿੰਘ ਸੁਧਾਰ, ਮੈਨੇਜਰ ਨਿਰਭੈ ਸਿੰਘ ਹੇਰਾਂ, ਪਰਮਿੰਦਰ ਸਿੰਘ ਖੰਗੂੜਾ, ਗੁਰਦੀਪ ਸਿੰਘ, ਹਰਪ੍ਰੀਤ ਸਿੰਘ ਆਰ.ਕੇ., ਕਾਨੂੰਨਗੋ ਬਿੱਕਰ ਸਿੰਘ ਕਾਉਂਕੇ ਆਦਿ ਹਾਜ਼ਰ ਸਨ।

# ਡੇਹਲੋਂ ਵਿਖੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ

ਡੇਹਲੋਂ, 3 ਜਨਵਰੀ (ਅੰਮ੍ਰਿਤਪਾਲ ਸਿੰਘ ਕੈਲੇ)- ਸਥਾਨਕ ਕਸਬਾ ਵਿਖੇ ਗੁਰਦੁਆਰਾ ਦਮਦਮਾ ਸਾਹਿਬ ਪਾਤਸ਼ਾਹੀ ਛੇਵੀਂ ਵਲੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਜੀ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ ਗਿਆ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਗੁਰਦੁਆਰਾ ਸਾਹਿਬ ਤੋਂ ਆਰੰਭ ਹੋਇਆ ਅਤੇ ਕਸਬੇ ਅੰਦਰ ਵੱਖ-ਵੱਖ ਪੜਾਵਾਂ ਅੰਦਰ ਪੰਥ ਪ੍ਰਸਿੱਧ ਢਾਡੀ ਜਥੇ ਮਨਪ੍ਰੀਤ ਸਿੰਘ ਅਕਾਲਗੜ੍ਹ ਵਲੋਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਗਿਆ। ਇਸ ਸਮੇਂ ਰਾਗੀ ਜਥਾ ਭਾਈ ਪਰਮਜੀਤ ਸਿੰਘ, ਅਵਤਾਰ ਸਿੰਘ, ਜਗਦੇਵ ਸਿੰਘ ਵਲੋਂ ਕੀਰਤਨ ਕੀਤਾ ਗਿਆ, ਮੀਰੀ-ਪੀਰੀ ਗਤਕਾ ਅਖਾੜਾ ਵਲੋਂ ਗਤਕੇ ਦੇ ਕਰਤੱਵ ਕੀਤੇ ਗਏ। ਨਗਰ ਕੀਰਤਨ ਦੀ ਆਰੰਭਤਾ ਸਮੇਂ ਪੰਜ ਪਿਆਰਿਆਂ ਦਾ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ, ਜਦਕਿ ਇਸ ਸਮੇਂ ਲੋਕਲ ਕਮੇਟੀ ਪ੍ਰਧਾਨ ਬਚਿੱਤਰ ਸਿੰਘ, ਰਾਜਿੰਦਰ ਸਿੰਘ, ਸਾਬਕਾ ਸਰਪੰਚ ਸੁੱਚਾ ਸਿੰਘ, ਚਰਨ ਸਿੰਘ, ਮੈਨੇਜਰ ਜਸਵਿੰਦਰ ਸਿੰਘ, ਬਾਬਾ ਬਲਵਿੰਦਰ ਸਿੰਘ ਹਾਜਰ ਸਨ। ਨਗਰ ਕੀਰਤਨ ਦੌਰਾਨ ਵੱਡੀ ਗਿਣਤੀ ਵਿੱਚ ਸੰਗਤਾਂ ਲਈ ਕਸਬੇ ਅੰਦਰ ਲੰਗਰ ਵੀ ਲਗਾਏ ਹੋਏ ਸਨ।



ਡੇਹਲੋਂ ਵਿਖੇ ਨਗਰ ਕੀਰਤਨ ਦੀ ਅਗਵਾਈ ਕਰਦੇ ਪੰਜ ਪਿਆਰਿਆਂ ਨਾਲ ਲੋਕਲ ਕਮੇਟੀ ਮੈਂਬਰ ਅਤੇ ਮੈਨੇਜਰ ਜਸਵਿੰਦਰ ਸਿੰਘ ਤੇ ਹੋਰ। ਤਸਵੀਰ- ਅੰਮ੍ਰਿਤਪਾਲ ਸਿੰਘ ਕੈਲੇ

## ਸਿੱਧੂ ਬਦਜ਼ੁਬਾਨੀ ਛੱਡ ਕਾਂਗਰਸ ਵਲੋਂ ਕੀਤੇ ਵਾਅਦੇ ਪੂਰੇ ਕਰਵਾਏ-ਹੀਰਾ

ਖੰਨਾ, 3 ਜਨਵਰੀ (ਹਰਜਿੰਦਰ ਸਿੰਘ ਲਾਲ)- ਨਵਜੋਤ ਸਿੰਘ ਸਿੱਧੂ ਨੂੰ ਚਾਹੀਦਾ ਹੈ ਕਿ ਉਹ ਆਪਣੀ ਬਦਜ਼ੁਬਾਨੀ ਛੱਡ ਕੇ ਪੰਜਾਬ ਦੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ। ਜੋ ਸ਼ਬਦਾਵਲੀ ਸਿੱਧੂ ਵਰਤ ਰਿਹਾ ਹੈ, ਉਸ ਤੋਂ ਇਹ ਸਾਫ਼ ਜ਼ਾਹਿਰ ਹੁੰਦਾ ਹੈ ਕਿ ਉਹ ਆਪਣੇ ਆਪ ਨੂੰ ਹੀ ਸਭ ਕੁੱਝ ਸਮਝਦਾ ਹੈ ਅਤੇ ਉਹ ਨੂੰ ਕਿਸੇ ਨਾਲ ਕੋਈ ਵੀ ਮਤਲਬ ਨਹੀਂ। ਇਹ ਪ੍ਰਗਟਾਵਾ ਭਾਜਪਾ ਦੇ ਸੂਬਾ ਕਾਰਜਕਾਰਨੀ ਮੈਂਬਰ ਅਤੇ ਸਾਬਕਾ ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਹੀਰਾ ਨੇ ਕੀਤਾ। ਹੀਰਾ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੂ ਇਕ ਅਹੰਕਾਰੀ ਇਨਸਾਨ ਹੈ, ਜੋ ਸਿਰਫ਼ ਫੋਕੀ ਵਾਹ ਵਾਹ ਕਰਵਾਉਣ ਲਈ ਸਾਰਾ ਦਿਨ ਆਪਣੀ ਹੀ ਤਾਰੀਫ਼ ਕਰਦਾ ਰਹਿੰਦਾ ਹੈ। ਹਾਲੇ ਪਿਛਲੇ ਵਾਅਦੇ ਪੂਰੇ ਕਰਨੇ ਸ਼ੁਰੂ ਨਹੀਂ ਹੋਏ ਤੇ ਜਦੋਂ ਸਰਕਾਰ ਦੇ ਜਾਂ ਦਾ ਸਮਾਂ ਆਗਿਆ ਹੈ ਤਾਂ ਹੋਰ ਨਵੇਂ ਝੂਠੇ ਵਾਅਦੇ ਕਰ ਕੇ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰ ਰਿਹਾ ਹੈ। ਸਾਬਕਾ ਜ਼ਿਲ੍ਹਾ ਪ੍ਰਧਾਨ ਹੀਰਾ ਨੇ ਕਿਹਾ ਕਿ ਸਿੱਧੂ ਲਈ ਸਭ ਮਾੜੇ ਨੇ ਅਤੇ ਉਹ ਖ਼ੁਦ ਦੁੱਧ ਦਾ ਧੋਤਾ ਹੈ, ਓਹਦੀ ਆਪਣੇ ਸਾਥੀਆਂ ਨਾਲ ਨਹੀ ਬਣਦੀ। ਹੀਰਾ ਨੇ ਦਾਅਵਾ ਕੀਤਾ ਕਿ ਫ਼ਿਰੋਜ਼ਪੁਰ ਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਰੈਲੀ ਪੰਜਾਬ ਵਿਚ ਭਾਜਪਾ ਦੀ ਜਿੱਤ ਦਾ ਮੁੱਢ ਬੰਨ੍ਹੇਗੀ।





ਭਾਕਿਯੂ ਸਿੱਧੂਪੁਰ ਵਲੋਂ ਟੋਲ ਪਲਾਜ਼ਾ 'ਤੇ ਮੋਦੀ ਦਾ ਪੁਤਲਾ ਸਾੜਨ ਤੋਂ ਪਹਿਲਾਂ ਆਗੂ ਤੇ ਕਿਸਾਨ। ਤਸਵੀਰ : ਕੁਲਵਿੰਦਰ ਸਿੰਘ

# ਬੀਕੇਯੂ ਏਕਤਾ ਸਿੱਧੂਪੁਰ ਨੇ ਮੋਦੀ ਦਾ ਪੁਤਲਾ ਸਾੜਿਆ

ਸਮਰਾਲਾ, 3 ਜਨਵਰੀ (ਕੁਲਵਿੰਦਰ ਸਿੰਘ) -ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਵਲੋ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕੁੱਬੇ ਟੋਲ ਪਲਾਜ਼ਾ 'ਤੇ ਪ੍ਰਧਾਨ ਮੰਤਰੀ ਮੋਦੀ ਦਾ ਪੁਤਲਾ ਸਾੜ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਸੁਪਿੰਦਰ ਸਿੰਘ ਬੱਗਾ, ਗੁਰਦੀਪ ਸਿੰਘ ਬਰਮਾਂ, ਮਲਕੀਤ ਸਿੰਘ, ਦਲਵੀਰ ਸਿੰਘ, ਕੁਲਵੰਤ ਸਿੰਘ, ਸੁਖਪਾਲ ਸਿੰਘ, ਟਹਿਲ ਸਿੰਘ, ਰਜਿੰਦਰ ਸਿੰਘ, ਬਲਰਾਜ ਸਿੰਘ, ਅਮੋਲਕ ਸਿੰਘ, ਹਰਜੀਤ ਸਿੰਘ, ਜੋਰਾ ਸਿੰਘ, ਬਹਾਦਰ ਸਿੰਘ, ਸੁਖਮਨ ਸਿੰਘ, ਸੁਖਵਿੰਦਰ ਸਿੰਘ, ਹਰਦੇਵ ਸਿੰਘ ਆਦਿ ਕਿਸਾਨ ਹਾਜ਼ਰ ਸਨ।


(Established by State Government Act 32 of 2013 u/s 2 (f) of UGC Act 1956)
Tantia University
SRI GANGANAGAR (RAJASTHAN)
Excellence Innovation Achievement
MEDICAL SCIENCE M.B.B.S.
VETERINARY SCIENCE B.V.Sc. & A.H.
AYURVEDA BAMS, M.D. (Ayurveda)
HOMOEOPATHY BHMS, M.D. (Homoeopathy)
*Admission For NEET Qualified & As Per Govt. Norms
-: OTHER COURSES :-
• M.Sc. Nursing • B.Sc. Nursing • Post Basic B.Sc. Nursing • BPT • MPT • D.Pharmacy
• Ayurvedic Nursing • BA LLB • LLB • LLM • MA • M.Ed. • AHDP • Ph.D
0154-2494125 | 94140-93087 | 94140-93083 | 94140-93082
TOLL FREE : 1800 123 1981
Email : admission@tantiauniversity.com | Visit us on : www.tantiauniversity.com


# ਅਕਾਲੀ ਬਸਪਾ ਸਾਂਝੇ ਉਮੀਦਵਾਰ ਯਾਦੂ ਵਲੋਂ ਦੁਕਾਨਦਾਰਾਂ ਨਾਲ ਬੈਠਕਾਂ

ਖੰਨਾ, 3 ਜਨਵਰੀ (ਹਰਜਿੰਦਰ ਸਿੰਘ ਲਾਲ)- ਸ਼੍ਰੋਮਣੀ ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ ਦੇ ਖੰਨਾ ਹਲਕੇ ਤੋਂ ਸਾਂਝੇ ਉਮੀਦਵਾਰ ਬੀਬੀ ਜਸਦੀਪ ਕੌਰ ਯਾਦੂ ਵਲੋਂ ਸ਼ਹਿਰ ਦੇ ਵੱਖ ਵੱਖ ਬਾਜ਼ਾਰਾਂ 'ਚ ਦੁਕਾਨਦਾਰਾਂ ਨਾਲ ਬੈਠਕਾਂ ਕੀਤੀਆਂ ਗਈਆਂ। ਇਸ ਮੌਕੇ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੇ ਮੈਂਬਰ ਯਾਦਵਿੰਦਰ ਸਿੰਘ ਯਾਦੂ ਤੇ ਜਸਦੀਪ ਕੌਰ ਯਾਦੂ ਵੱਲੋਂ ਦੁਕਾਨਦਾਰਾਂ ਨੂੰ ਪਾਰਟੀ ਦੀਆਂ ਨੀਤੀਆਂ ਤੇ ਉਨ੍ਹਾਂ ਵੱਲੋਂ ਸ਼ਹਿਰ ਲਈ ਭਵਿੱਖ ਕੀਤੇ ਜਾਣ ਵਾਲੇ ਕਾਰਜਾਂ ਲਈ ਜਾਣੂ ਕਰਵਾਇਆ ਗਿਆ। ਦੁਕਾਨਦਾਰਾਂ ਵਲੋਂ ਬੀਬੀ ਜਸਦੀਪ ਕੌਰ ਯਾਦੂ ਦਾ ਸਨਮਾਨ ਵੀ ਕੀਤਾ ਗਿਆ। ਜਸਦੀਪ ਕੌਰ ਯਾਦੂ ਨੇ ਕਿਹਾ ਕਿ ਪੰਜਾਬ ਦੀ ਕਾਂਗਰਸ ਸਰਕਾਰ ਦੀਆਂ ਗ਼ਲਤ ਨੀਤੀਆਂ ਕਾਰਨ ਪੰਜਾਬ ਦੇ ਦੁਕਾਨਦਾਰਾਂ ਦੇ ਕਾਰੋਬਾਰ ਬੰਦ ਹੋਣ ਕਿਨਾਰੇ ਹਨ। ਸਰਕਾਰ ਵੱਲੋਂ ਦੁਕਾਨਦਾਰਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਰਾਹਤ ਨਹੀਂ ਦਿੱਤੀ ਜਾ ਰਹੀ ਸਗੋਂ ਦੁਕਾਨਦਾਰਾਂ ਨੂੰ ਲੁੱਟਣ ਵਾਲੀਆਂ ਨੀਤੀਆਂ ਹੀ ਬਣਾਈਆਂ ਹਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਤੇ ਬਸਪਾ ਦੀ ਸਰਕਾਰ ਬਣਨ 'ਤੇ ਦੁਕਾਨਦਾਰਾਂ ਦੇ ਹਿਤ ਵਿਚ ਫ਼ੈਸਲੇ ਲਏ ਜਾਣਗੇ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਜਥੇ. ਦਵਿੰਦਰ ਸਿੰਘ ਖੱਟੜਾ, ਜ਼ਿਲ੍ਹਾ ਪ੍ਰਧਾਨ ਬੀ ਸੀ ਵਿੰਗ ਰਾਜਿੰਦਰ ਸਿੰਘ ਜੀਤ, ਕੋਆਰਡੀਨੇਟਰ ਸਤੀਸ਼ ਵਰਮਾ, ਰਣਬੀਰ ਸਿੰਘ ਖੱਟੜਾ, ਦਿਹਾਤੀ ਪ੍ਰਧਾਨ ਮੋਹਣ ਸਿੰਘ ਜਟਾਣਾ, ਸ਼ਹਿਰੀ ਪ੍ਰਧਾਨ ਸੁਖਵਿੰਦਰ ਸਿੰਘ ਮਾਂਗਟ, ਸਾਬਕਾ ਪ੍ਰਧਾਨ ਹਰਬੀਰ ਸਿੰਘ ਸੋਨੂੰ, ਦਿਹਾਤੀ ਪ੍ਰਧਾਨ ਹਰਜੰਗ ਸਿੰਘ ਗੰਢੂਆਂ, ਵਕੀਲ ਜਤਿੰਦਰਪਾਲ ਸਿੰਘ, ਕੌਂਸਲਰ ਸਰਬਦੀਪ ਸਿੰਘ ਕਾਲੀਰਾਓ, ਪ੍ਰਧਾਨ ਹਰਦੀਪ ਸਿੰਘ ਹਨੀ ਰੋਸ਼ਾ, ਅਮਨਦੀਪ ਸਿੰਘ ਲੇਲ੍ਹ ਘੁੰਗਰਾਲੀ, ਸੂਰਬੀਰ ਸਿੰਘ ਜੇਠੀ, ਜਸਪ੍ਰੀਤ ਸਿੰਘ ਰਾਜਾ ਸੇਠੀ, ਕੌਂਸਲਰ ਤਲਵਿੰਦਰ ਕੌਰ ਰੋਸ਼ਾ, ਕੌਂਸਲਰ ਰਜਨੀ ਫੱਲੀ, ਕੌਂਸਲਰ ਰੂਬੀ ਭਾਟੀਆ, ਕੌਂਸਲਰ ਰੀਟਾ ਰਾਣੀ, ਬਾਬਾ ਬਹਾਦਰ ਸਿੰਘ, ਹਰਜੀਤ ਸਿੰਘ ਭਾਟੀਆ, ਜਗਦੀਸ਼ ਸਿੰਘ ਕੋਟਾਂ, ਗੁਰਦੀਪ ਸਿੰਘ ਨਵਾਂ ਪਿੰਡ, ਰਾਜੀ ਬਘੌਰ, ਹਰਦੀਪ ਸਿੰਘ ਭੱਟੀ, ਤੇਜਿੰਦਰ ਸਿੰਘ ਇਕੋਲਾਹਾ, ਪ੍ਰਵੀਨ ਕੁਮਾਰ, ਰੋਸ਼ਨ ਲਾਲ, ਸੁਰਿੰਦਰ ਤਿਵਾੜੀ, ਮਨੂੰ ਗੋਇਲ, ਤੀਰਥ ਜਰਗੜੀ, ਰਾਜੇਸ਼ ਕੁਮਾਰ ਸ਼ਰਮਾ, ਸ਼ਰੀਤਾ ਵਰਮਾ, ਅਮਨਦੀਪ ਕੌਰ ਜਗਦਿਓ, ਰਣਜੀਤ ਕੌਰ ਕਾਲੀਰਾਓ, ਬਸਪਾ ਆਗੂ ਮਿੰਨੀ ਖੰਨਾ, ਜਸਵਿੰਦਰ ਕੌਰ ਜੀਤ,ਸਵਾਤੀ, ਸਵਰਨਜੀਤ ਕੌਰ, ਜਸਪ੍ਰੀਤ ਕੌਰ, ਮਨਦੀਪ ਕੌਰ, ਸਰੂਚੀ ਤਿਵਾੜੀ, ਗਗਨ ਕੌਰ ਕਾਲੀਰਾਓ, ਬਲਜਿੰਦਰ ਕੌਰ, ਜਸਪ੍ਰੀਤ ਕੌਰ ਡੋਡ ਆਦਿ ਹਾਜ਼ਰ ਸਨ।



ਦੁਕਾਨਦਾਰ ਅਕਾਲੀ-ਬਸਪਾ ਦੀ ਉਮੀਦਵਾਰ ਜਸਦੀਪ ਕੌਰ ਯਾਦੂ ਦਾ ਸਨਮਾਨ ਕਰਦੇ ਹੋਏ। ਤਸਵੀਰ ਸੋਨੀ ਗਿੱਲ



ਸਮਾਗਮ ਦੌਰਾਨ ਬੈਂਕ ਮੈਨੇਜਰ ਅਵਤਾਰ ਸਿੰਘ ਗਿੱਲ ਸਟਾਫ਼ ਮੈਂਬਰਾਂ ਨਾਲ ਖਪਤਕਾਰਾਂ ਨਾਲ ਖ਼ੁਸ਼ੀ ਸਾਂਝੀ ਕਰਦੇ ਹੋਏ। ਤਸਵੀਰ ਸਹਾਰਨ ਮਾਜਰਾ

# ਐਸ.ਬੀ.ਆਈ. ਸ਼ਾਖਾ ਮਲੌਦ ਨੇ ਬੈਂਕ ਦਾ ਸਥਾਪਨਾ ਦਿਵਸ ਮਨਾਇਆ

ਮਲੌਦ, 3 ਜਨਵਰੀ (ਸਹਾਰਨ ਮਾਜਰਾ)- ਚੋਮੋਂ ਰੋਡ ਸਥਿਤ ਸਟੇਟ ਬੈਂਕ ਆਫ਼ ਇੰਡੀਆ ਸ਼ਾਖਾ ਮਲੌਦ ਵਲੋਂ ਬੈਂਕ ਮੈਨੇਜਰ ਅਵਤਾਰ ਸਿੰਘ ਗਿੱਲ ਦੀ ਅਗਵਾਈ ਹੇਠ ਬੈਂਕ ਦਾ 14ਵਾਂ ਸਥਾਪਨਾ ਦਿਵਸ ਮਨਾਇਆ ਗਿਆ। ਇਸ ਮੌਕੇ ਖਪਤਕਾਰਾਂ ਨਾਲ ਵਿਚਾਰ ਸਾਂਝੇ ਕਰਦਿਆਂ ਮੈਨੇਜਰ ਅਵਤਾਰ ਸਿੰਘ ਗਿੱਲ ਨੇ ਦੱਸਿਆ ਕਿ ਮਲੌਦ ਵਾਸੀਆਂ ਦੀ ਸਹੂਲਤ ਲਈ ਸਟੇਟ ਬੈਂਕ ਆਫ਼ ਇੰਡੀਆ ਵਲੋਂ 1 ਜਨਵਰੀ 2008 ਨੂੰ ਬਰਾਂਚ ਲੋਕ ਅਰਪਿਤ ਕੀਤੀ। ਉਨ੍ਹਾਂ ਖਪਤਕਾਰਾਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਤਰ੍ਹਾਂ ਦੀ ਬੈਂਕ ਦੇ ਲੈਣ ਦੇਣ ਵਿਚ ਮੁਸ਼ਕਿਲ ਆਉਂਦੀ ਹੈ ਤਾਂ ਉਨ੍ਹਾਂ ਦੇ ਤੁਰੰਤ ਧਿਆਨ ਵਿਚ ਲਿਆਂਦਾ ਜਾਵੇ, ਉਸੇ ਸਮੇਂ ਹੱਲ ਕਰਨ ਦਾ ਯਤਨ ਕੀਤਾ ਜਾਵੇਗਾ। ਇਸ ਮੌਕੇ ਖਪਤਕਾਰਾਂ ਨੂੰ ਖ਼ੁਸ਼ੀ ਵਿਚ ਲੱਡੂ ਵੰਡੇ ਗਏ। ਇਸ ਮੌਕੇ ਡਿਪਟੀ ਮੈਨੇਜਰ ਪਰਮਜੀਤ ਸਿੰਘ, ਕੈਸ਼ੀਅਰ ਸੁਨੀਲ ਕੁਮਾਰ, ਹਿਮਾਂਸ਼ੂ ਦਿਲੀਪ, ਫ਼ੌਜੀ ਹਰੀਪਾਲ ਸਿੰਘ ਟਿੰਬਰਵਾਲ, ਹਰਜੀਤ ਸਿੰਘ ਕਾਲਾ ਰੱਬੋਂ, ਸੰਜਨਾ ਸਮੂਹ ਸਟਾਫ਼ ਤੋਂ ਇਲਾਵਾ ਲਛਮਣ ਸਿੰਘ ਰੋੜੀਆਂ, ਇਕਬਾਲ ਮੁਹੰਮਦ ਰਾਮਗੜ੍ਹ ਸਰਦਾਰਾਂ, ਮਿਸਤਰੀ ਗੁਰਮੀਤ ਸਿੰਘ ਰੱਬੋਂ ਸਮੇਤ ਹੋਰ ਖਪਤਕਾਰ ਵੀ ਹਾਜ਼ਰ ਸਨ।

## ਜਾਂਚ ਕੈਂਪ 8 ਜਨਵਰੀ ਨੂੰ

ਅਹਿਮਦਗੜ੍ਹ, 3 ਜਨਵਰੀ (ਸੁਖਸਾਗਰ ਸਿੰਘ ਸੋਢੀ, ਪੁਰੀ)- ਸਥਾਨਕ ਦਹਿਲੀਜ਼ ਰੋਡ ਸਥਿਤ ਸੂਦ ਹਸਪਤਾਲ ਵਲੋਂ ਪੇਟ ਅਤੇ ਜਿਗਰ ਦੇ ਰੋਗਾ ਦਾ ਮੁਫ਼ਤ ਜਾਂਚ ਦਾ ਕੈਂਪ ਮਿਤੀ 8 ਜਨਵਰੀ ਨੂੰ ਲਗਾਇਆਂ ਜਾਵੇਗਾ। ਕੈਂਪ ਸਬੰਧੀ ਜਾਣਕਾਰੀ ਦਿੰਦੇ ਡਾ. ਰਾਜੀਵ ਸੂਦ ਨੇ ਦੱਸਿਆ ਕਿ ਦੁਪਹਿਰ 11 ਵਜੇ ਤੋਂ 2 ਵਜੇ ਤੱਕ ਲਾਏ ਜਾ ਰਹੇ ਇਸ ਕੈਂਪ ਦੌਰਾਨ ਪੇਟ ਦੇ ਰੋਗਾ ਦੇ ਮਾਹਿਰ ਡਾ. ਪੁਲਕਿਤ ਧੀਮਾਨ (ਐਮ.ਡੀ. ਮੈਡੀਸਨ) ਮਰੀਜ਼ਾ ਦੀ ਜਾਂਚ ਕਰਨਗੇ ਅਤੇ ਹਸਪਤਾਲ ਵਲੋਂ ਬੀ.ਪੀ., ਸ਼ੂਗਰ, ਈ.ਸੀ.ਜੀ., ਕਾਲਾ ਪੀਲੀਆਂ ਲਈ ਟੈੱਸਟ ਵੀ ਵਾਜਬ ਰੇਟਾਂ 'ਤੇ ਕੀਤੇ ਜਾਣਗੇ।



ਡਾ. ਰਾਜੀਵ ਸੂਦ



ਗੁੱਜਰਵਾਲ ਤੋਂ ਬੱਸ ਨੂੰ ਰਵਾਨਾ ਕਰਨ ਸਮੇਂ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ, ਨਾਲ ਜਥੇਦਾਰ ਜਗਰੂਪ ਸਿੰਘ, ਗੁਰਕ੍ਰਿਪਾਲ ਸਿੰਘ ਕਾਕਾ, ਕੈਪਟਨ ਗੁਰਦਿਆਲ ਸਿੰਘ, ਹਰਮੇਲ ਸਰੋਏ, ਨਿਹਾਲ ਸਿੰਘ ਤੇ ਹੋਰ। ਤਸਵੀਰ - ਗੁਰਵਿੰਦਰ ਸਿੰਘ ਹੈਪੀ

# ਵਿਧਾਇਕ ਇਯਾਲੀ ਵਲੋਂ ਖੁਰਾਲਗੜ੍ਹ ਸਾਹਿਬ ਦੀ ਯਾਤਰਾ ਲਈ ਬੱਸਾਂ ਰਵਾਨਾ

ਜੋਧਾਂ, 3 ਜਨਵਰੀ (ਗੁਰਵਿੰਦਰ ਸਿੰਘ ਹੈਪੀ)- ਹਲਕਾ ਦਾਖਾ ਦੇ ਪਿੰਡਾਂ ਦੀਆਂ ਸੰਗਤਾਂ ਨੂੰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਵਾਉਣ ਲਈ ਚਲਾਈ ਮੁਹਿੰਮ ਤਹਿਤ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਨੇ ਹਲਕੇ ਦੇ ਇਤਿਹਾਸਕ ਨਗਰ ਗੁੱਜਰਵਾਲ ਅਤੇ ਫੱਲੇਵਾਲ ਤੋਂ ਸੰਗਤਾਂ ਦੀਆਂ ਬੱਸਾਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਪਾਵਨ ਸਥਾਨ ਗੁਰਦੁਆਰਾ ਸ੍ਰੀ ਖੁਰਾਲਗੜ੍ਹ ਸਾਹਿਬ ਲਈ ਰਵਾਨਾ ਕੀਤਾ। ਇਸ ਮੌਕੇ ਕੈਪਟਨ ਗੁਰਦਿਆਲ ਸਿੰਘ, ਗੁਰਕਿਰਪਾਲ ਸਿੰਘ ਕਾਕਾ ਬਸਪਾ ਆਗੂ, ਜਥੇਦਾਰ ਜਗਰੂਪ ਸਿੰਘ, ਨਿਹਾਲ ਸਿੰਘ, ਬਲਜੀਤ ਸਿੰਘ ਜੀਤੂ, ਗੁਰਿੰਦਰਜੀਤ ਸਿੰਘ ਗੋਲਡੀ, ਡਾ. ਬੀ. ਐਸ. ਢਿੱਲੋਂ, ਪ੍ਰਦੀਪ ਭਨੋਟ, ਹਰਮੇਲ ਸਿੰਘ ਟੀਟੂ, ਨਿਰੰਜਣ ਸਿੰਘ, ਇੰਦਰਜੀਤ ਸਿੰਘ ਮੋਨਾ, ਮਲਕੀਤ ਸਿੰਘ ਨਹਿਰੂ, ਰਾਜਿੰਦਰ ਸਿੰਘ, ਬੀਬੀ ਬਲਵਿੰਦਰ ਕੌਰ, ਕਾਲਾ ਸਿੰਘ, ਮੱਲ ਸਿੰਘ ਬਬਲੂ, ਸਤਵਿੰਦਰ ਕੌਰ, ਸਿਮਰਨ ਕੌਰ, ਪ੍ਰਭਜੋਤ ਕੌਰ, ਜਸਪਾਲ ਕੌਰ, ਮਨਜੀਤ ਕੌਰ, ਚਰਨਜੀਤ ਕੌਰ ਸਰੋਏ, ਕੁਲਦੀਪ ਕੌਰ ਆਦਿ ਹਾਜ਼ਰ ਸਨ।

## ਪ੍ਰਸ਼ਾਸਨ ਚਾਈਨਾ ਡੋਰ 'ਤੇ ਮੁਕੰਮਲ ਪਾਬੰਦੀ ਲਗਾਏ-ਸ਼ਾਹਪੁਰ

ਪਾਇਲ, 3 ਜਨਵਰੀ (ਰਾਜਿੰਦਰ ਸਿੰਘ)- ਪੰਜਾਬ ਸਟੇਟ ਸੇਵਾ-ਮੁਕਤ ਜ਼ਿਲ੍ਹਾ ਵੈਟਰਨਰੀ ਇੰਸਪੈਕਟਰਜ ਐਸੋਸੀਏਸ਼ਨ ਦੇ ਸੂਬਾ ਪ੍ਰੈੱਸ ਸਕੱਤਰ ਸੁਰਿੰਦਰ ਸਿੰਘ ਸ਼ਾਹਪੁਰ ਨੇ ਕਿਹਾ ਕਿ ਪ੍ਰਸ਼ਾਸਨ ਚਾਈਨਾ ਡੋਰ 'ਤੇ ਮੁਕੰਮਲ ਪਾਬੰਦੀ ਲਗਾਵੇ ਕਿਉਂਕਿ ਹਰ ਸਾਲ ਚਾਈਨਾ ਡੋਰ ਨਾਲ ਲੋਕਾਂ ਦਾ ਵੱਡਾ ਜਾਨੀ ਤੇ ਮਾਲੀ ਨੁਕਸਾਨ ਹੁੰਦਾ ਹੈ। ਲੋਹੜੀ ਤੇ ਬਸੰਤ ਪੰਚਮੀ ਦੇ ਤਿਉਹਾਰਾਂ ਦੇ ਮੱਦੇਨਜ਼ਰ ਸ਼ਹਿਰਾਂ ਵਿਚ ਧੜੱਲੇ ਨਾਲ ਚਾਈਨਾ ਡੋਰ ਵਿਕ ਰਹੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਲੋਕ ਦੋਪਹੀਆ ਵਾਹਨਾਂ 'ਤੇ ਧਿਆਨ ਨਾਲ ਤੇ ਹੌਲੀ ਸਫ਼ਰ ਕਰਨ। ਉਨ੍ਹਾਂ ਸਕੂਲਾਂ ਦੇ ਸਮੂਹ ਸਟਾਫ਼ ਨੂੰ ਅਪੀਲ ਕਰਦਿਆ ਕਿਹਾ ਕਿ ਉਹ ਬੱਚਿਆਂ ਨੂੰ ਇਸ ਸੰਬੰਧੀ ਵੱਧ ਤੋਂ ਵੱਧ ਜਾਗਰੂਕ ਕਰਨ ਤੇ ਚਾਈਨਾ ਡੋਰ ਵੇਚਣ ਵਾਲਿਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਨ ਦੀ ਪ੍ਰਸ਼ਾਸਨ ਤੋਂ ਮੰਗ ਕੀਤੀ।




ਹੁਣ ਲੁਧਿਆਣਾ ਵਿਚ
ਸਲਾਹ-ਮਸ਼ਵਰਾ ਅਤੇ ਹਾਰਟ ਪ੍ਰਕਿਰਿਆਵਾਂ
ਪਦਮ ਭੂਸ਼ਣ ਐਵਾਰਡੀ, ਕਾਰਡੀਓਲੋਜਿਸਟ
ਡਾ. ਟੀ. ਐੱਸ. ਕਲੇਰ
ਚੇਅਰਮੈਨ, ਫੋਰਟਿਸ ਹਾਰਟ ਐਂਡ ਵੈਸਕੁਲਰ ਇੰਸਟੀਚਿਊਟ, ਗੁਰੂਗ੍ਰਾਮ
ਅਤੇ ਫੋਰਟਿਸ ਹਸਪਤਾਲ, ਵਸੰਤ ਕੁੰਜ, ਨਵੀਂ ਦਿੱਲੀ
ਮਿਤੀ : ਵੀਰਵਾਰ, 6 ਜਨਵਰੀ, 2022 | ਸਮਾਂ : ਸਵੇਰੇ 10.00 ਵਜੇ ਤੋਂ ਸ਼ਾਮ 3.00 ਵਜੇ
ਦਿਲ ਨਾਲ ਸੰਬੰਧਿਤ ਸਮੱਸਿਆਵਾਂ ਲਈ ਆਓ ਅਤੇ ਸਾਡੇ ਵਿਸ਼ੇਸ਼ੱਗ ਨਾਲ ਸਲਾਹ-ਮਸ਼ਵਰਾ ਕਰੋ :
• ਛਾਤੀ ਵਿਚ ਦਰਦ/ਭਾਰੀਪਨ • ਚਲਣ 'ਤੇ ਸਾਹ ਫੁੱਲਣਾ • ਹਾਈ ਬਲੱਡ ਕੋਲੈਸਟ੍ਰੋਲ ਦੇ ਪੱਧਰ
• ਅਨਿਯਮਿਤ ਦਿਲ ਦੀ ਧੜਕਣ • ਜਮਾਂਦਰੂ ਦਿਲ ਦੀ ਬਿਮਾਰੀ • ਘਬਰਾਹਟ • ਬੇਹੋਸ਼ੀ ਹੋਣਾ
ਅਪਾਇੰਟਮੈਂਟ ਲਈ ਕਾਲ ਕਰੋ : ਵਿਕਾਸ -9729928181 / ਅਮਨ - 9877364966
ਸਥਾਨ : ਕੁਲਵੰਤ ਹਾਰਟ ਸੈਂਟਰ, 11-ਡੀ, ਕਿਚਲੂ ਨਗਰ, ਲੁਧਿਆਣਾ
ਫੋਰਟਿਸ ਮੈਮੋਰੀਅਲ ਰਿਸਰਚ ਇੰਸਟੀਚਿਊਟ,
ਸੈਕਟਰ-44, ਹੁੱਡਾ ਸਿਟੀ ਸੈਂਟਰ ਦੇ ਸਾਹਮਣੇ, ਗੁਰੂਗ੍ਰਾਮ-122002
ਫੋਨ : 0124-4962200 | ਐਂਬੂਲੈਂਸ : 105010 | www.fmri.in
Fortis HEART & VASCULAR INSTITUTE Gurugram
ਫੋਰਟਿਸ ਮੈਮੋਰੀਅਲ ਰਿਸਰਚ ਇੰਸਟੀਚਿਊਟ, ਗੁਰੂਗ੍ਰਾਮ ਸਭ ਉੱਘੀਆਂ TPAs,
ਮੈਡੀਕਲ ਇੰਸ਼ੋਰੈਂਸ ਕੰਪਨੀਆਂ, PSUs ਅਤੇ ਹਰਿਆਣਾ ਸਰਕਾਰ ਦੇ ਪੈਨਲ 'ਤੇ ਹੈ



GOVT. OF PUNJAB
ਪੰਜਾਬ ਦੇ ਮੁੱਖ ਮੰਤਰੀ
ਚਰਨਜੀਤ ਸਿੰਘ ਚੰਨੀ
ਦੀ
ਗਤੀਸ਼ੀਲ ਅਗਵਾਈ ਹੇਠ



ਭਾਰਤ ਭੂਸ਼ਨ ਆਸ਼ੂ
ਖੁਰਾਕ, ਸਿਵਲ ਸਪਲਾਈ
ਅਤੇ ਖਪਤਕਾਰ ਮਾਮਲੇ ਮੰਤਰੀ, ਪੰਜਾਬ
ਅਤੇ
ਗੁਰਕੀਰਤ ਸਿੰਘ ਕੋਟਲੀ
ਉਦਯੋਗ ਤੇ ਵਣਜ ਅਤੇ
ਵਿਗਿਆਨ ਤੇ ਤਕਨੀਕ ਮੰਤਰੀ, ਪੰਜਾਬ
ਵੱਲੋਂ
40 ਐਮ. ਐਲ. ਡੀ.
ਕਾਮਨ ਐਫ਼ੂਲੈਂਟ ਟਰੀਟਮੈਂਟ ਪਲਾਂਟ
(ਫੋਕਲ ਪੁਆਇੰਟ ਮੋਡਿਊਲ)
ਦਾ ਉਦਘਾਟਨ
ਮਿਤੀ 04.01.2022, ਦਿਨ ਮੰਗਲਵਾਰ ਨੂੰ ਸਵੇਰੇ 11:00 ਵਜੇ
ਤਾਜਪੁਰ ਰੋਡ, ਲੁਧਿਆਣਾ ਵਿਖੇ ਕੀਤਾ ਜਾਵੇਗਾ।
ਪ੍ਰਾਜੈਕਟ ਕੀਮਤ 84.5 ਕਰੋੜ



ਲਾਭਪਾਤਰੀ ਉਦਯੋਗ 73
ਪ੍ਰਾਜੈਕਟ ਦੀਆਂ ਮੁੱਖ ਵਿਸ਼ੇਸ਼ਤਾਵਾਂ:-
• ਵਾਤਾਵਰਣ ਵਿੱਚ ਪ੍ਰਦੂਸ਼ਣ ਦੀ ਕਮੀ
• ਉਦਯੋਗਾਂ ਨੂੰ ਅੰਦਰੂਨੀ ਟਰੀਟਮੈਂਟ ਤੋਂ ਰਾਹਤ
• ਹੁਨਰਮੰਦ ਵਿਅਕਤੀਆਂ ਵੱਲੋਂ ਕੇਂਦਰੀਕ੍ਰਿਤ ਤੇ ਬਿਹਤਰ ਟਰੀਟਮੈਂਟ
• ਟਰੀਟਮੈਂਟ ਲਈ ਪੂੰਜੀ ਅਤੇ ਸੰਚਾਲਨ ਲਾਗਤ ਵਿੱਚ ਬੱਚਤ
• ਨੇਮਬੰਦੀ ਅਦਾਰਿਆਂ ਵੱਲੋਂ ਇੱਕ ਜਗ੍ਹਾ ਤੋਂ ਨਿਗਰਾਨੀ
No:13/311/2021/12079
PUNJAB
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ
ਵਾਤਾਵਰਣ ਭਵਨ, ਨਾਭਾ ਰੋਡ, ਪਟਿਆਲਾ, ਫੋਨ : 0175-2302392, 2200557, ਫੈਕਸ : 0175-2215636